**International Journal of Research in Economics and Social Sciences(IJRESS)**
Available online at: http://euroasiapub.org
Vol. 12 Issue 5, May- 2022
ISSN(o): 2249-7382 | Impact Factor: 8.018
**(An open access scholarly, peer-reviewed, interdisciplinary, monthly, and fully refereed journal.)**

# ਗੁਰੂ ਗੋਬਿੰਦ ਸਿੰਘ ਜੀ ਦਾ ਭਾਰਤੀ ਇਤਿਹਾਸ ਵਿੱਚ ਯੋਗਦਾਨ

**ਮਨਦੀਪ ਕੌਰ**
ਅਸਿਸਟੈਂਟ ਪ੍ਰੋਫ਼ੈਸਰ, ਇਤਿਹਾਸ ਵਿਭਾਗ,
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ

**ਸਾਰ:-** ਭਾਰਤੀ ਇਤਿਹਾਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਇੱਕ ਵਿਸ਼ੇਸ਼ ਮਹੱਤਵ ਦਾ ਲਖਾਇਕ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਸਿੱਖ ਧਰਮ ਦੇ ਸੰਬੰਧ ਵਿੱਚ ਬੁਨਿਆਦੀ ਸਿਧਾਂਤ ਸਥਾਪਿਤ ਕੀਤੇ ਸਨ, ਉਨ੍ਹਾਂ ਸਿਧਾਂਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਮਲ ਵਿੱਚ ਲਿਆ ਕੇ ਇੱਕ ਅਜਿਹੇ ਮਾਨਵੀ-ਸਮੂਹ (ਸਮਾਜ) ਦੀ ਸਥਾਪਨਾ ਕੀਤੀ, ਜਿਹੜਾ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਤੌਰ 'ਤੇ ਭਾਰਤ ਦੇ ਬਾਕੀ ਭੂ-ਖੰਡਾਂ ਵਿੱਚ ਪਣਪੇ ਸਮਾਜਾਂ ਨਾਲੋਂ ਨਿਵੇਕਲਾ ਤੇ ਵਿਲੱਖਣ ਸੀ।

**ਮੁੱਖ ਸ਼ਬਦ:-** ਗੁਰੂ ਗੋਬਿੰਦ ਸਿੰਘ ਜੀ, ਭਾਰਤੀ ਇਤਿਹਾਸ, ਯੋਗਦਾਨ, ਮੁਗ਼ਲ ਬਾਦਸ਼ਾਹ, ਜ਼ਫ਼ਰਨਾਮਾ, ਖ਼ਾਲਸਾ ਪੰਥ, ਰਚਨਾਵਾਂ, ਦਸਮ-ਗ੍ਰੰਥ, ਸਮਾਜ, ਔਰੰਗਜ਼ੇਬ।

**ਜਾਣ-ਪਛਾਣ:-** ਭਾਰਤੀ ਇਤਿਹਾਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਨੂੰ ਯੁੱਗ ਪਲਟਾਊ ਘਟਨਾ ਦੇ ਰੂਪ ਵਿੱਚ ਵੇਖਿਆ ਜਾਂਦਾ ਰਿਹਾ ਹੈ ਤੇ ਵੇਖਿਆ ਜਾਵੇਗਾ। "ਉਨ੍ਹਾਂ ਨੇ ਪੁਰਾਤਨ ਹਿੰਦੂ ਸੱਭਿਅਤਾ ਦਾ ਪੁਨਰ ਜਨਮ ਕੀਤਾ, ਮੁਰਦਾ ਕੌਮ ਦੀਆਂ ਰਗਾਂ ਵਿੱਚ ਨਵੇਂ ਖ਼ੂਨ ਦਾ ਸੰਚਾਰ ਕੀਤਾ। ਗੁਰੂ ਜੀ ਨੇ ਕੌਮ ਵਿੱਚੋਂ ਉਦਾਸੀਨਤਾ, ਨਿਰਬਲਤਾ, ਨਿਰਲੱਜਤਾ ਤੇ ਪਤਿਤਤਾ ਦੂਰ ਕਰਕੇ ਨਵਾਂ ਸਾਹਸ ਤੇ ਬਲ ਪ੍ਰਦਾਨ ਕੀਤਾ, ਜਿਸਦੇ ਫਲਸਰੂਪ ਸਦੀਆਂ ਤੋਂ ਜਰਵਾਣਿਆਂ ਅੱਗੇ ਝੁਕੇ ਲੋਕ ਤਲਵਾਰਾਂ ਹੱਥਾਂ ਵਿੱਚ ਲੈ ਕੇ, ਧੌਣਾਂ ਉੱਚੀਆਂ ਕਰਕੇ ਤੇ ਛਾਤੀਆਂ ਤਾਣ ਕੇ ਉਨ੍ਹਾਂ ਦੇ ਸਾਹਮਣੇ ਆ ਖਲੋਤੇ। ਇਹ ਕੋਈ ਕਰਾਮਾਤ ਤੋਂ ਘੱਟ ਨਹੀਂ ਸੀ ਕਿ ਨੀਵੀਆਂ ਜਾਤੀਆਂ ਤੇ ਅਛੂਤ ਅਖਵਾਣ ਵਾਲੇ, ਦੁਕਾਨਾਂ 'ਤੇ ਤੱਕੜੀਆਂ ਤੋਲਣ ਵਾਲੇ, ਖੇਤਾਂ ਵਿੱਚ ਹਲ ਚਲਾਉਣ ਵਾਲੇ ਲੋਕਾਂ ਦੇ ਹੱਥਾਂ ਵਿੱਚ ਮਾਲਾ ਦੇ ਨਾਲ-ਨਾਲ ਭਾਲਾ ਫੜਾ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇੱਕ ਬਲਵਾਨ ਤੇ ਨਿਰਭੈ ਕੌਮ ਵਿੱਚ ਬਦਲ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਸ਼ਖ਼ਸੀਅਤ ਤੇ ਪ੍ਰਾਣ ਸੰਚਾਰ ਉਪਦੇਸ਼ਾਂ ਨੇ ਨਿਰਬਲ

ਤੇ ਨਿਤਾਣੀ ਮਨੁੱਖਤਾ ਵਿੱਚ ਨਵਾਂ ਬਲ ਪੈਦਾ ਕਰ ਦਿੱਤਾ। ਉਨ੍ਹਾਂ ਨੂੰ ਭਗਤੀ ਨਾਲ ਸ਼ਕਤੀ ਦਿੱਤੀ, ਬਾਣੀ ਨਾਲ ਬਾਣਾ ਦਿੱਤਾ, ਮਾਲਾ ਨਾਲ ਭਾਲਾ ਦਿੱਤਾ, ਨਵਾਂ ਰੂਪ ਤੇ ਸਰੂਪ ਦਿੱਤਾ। ਜਿਸ ਸਮਾਜ ਵਿੱਚ ਬੁਜ਼ਦਿਲੀ, ਊਚ-ਨੀਚ, ਛੂਤ-ਛਾਤ, ਪੱਖਪਾਤ ਤੇ ਵੱਖ-ਵੱਖ ਧਾਰਮਿਕ ਫ਼ਿਰਕਿਆਂ ਦੇ ਕੀੜੇ ਕੁਰਬਲ-ਕੁਰਬਲ ਕਰ ਰਹੇ ਸਨ, ਉਸਨੂੰ ਸਾਫ਼ ਕਰਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤੇ ਸਭ ਨੂੰ ਇੱਕ ਜੋਤਿ ਦਾ ਉਪਾਸ਼ਕ ਬਣਾਇਆ।"[1]

ਅਸਲ ਵਿੱਚ ਭਾਰਤੀ ਇਤਿਹਾਸ ਦੇ ਪੰਨਿਆਂ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਉਸ ਸਮੇਂ ਹੁੰਦਾ ਹੈ, "ਜਦੋਂ ਵੇਲੇ ਦੀ ਹਕੂਮਤ ਧਾਰਮਿਕ ਸਹਿਣਸ਼ੀਲਤਾ ਅਤੇ ਉਦਾਰਤਾ ਦੀ ਥਾਂਵੇਂ ਕੱਟੜ ਮਜ਼ਬੀ ਨੀਤੀ ਦਾ ਅਨੁਸਰਣ ਕਰ ਰਹੀ ਸੀ। ਖ਼ਾਸ ਤੌਰ 'ਤੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀਆਂ ਜਬਰੀ ਧਰਮ ਪਰਿਵਰਤਨ ਅਤੇ ਜਜ਼ੀਏ ਵਰਗੀਆਂ ਕਾਰਵਾਈਆਂ ਨੇ ਭਾਰਤ ਦੀ ਗ਼ੈਰ ਮੁਸਲਿਮ ਪਰਜਾ ਨੂੰ ਆਤੰਕਿਤ ਕਰ ਦਿੱਤਾ ਸੀ। ਔਰੰਗਜ਼ੇਬ ਦੀ ਹਕੂਮਤ ਦੇ ਦੌਰਾਨ ਗ਼ੈਰ ਮੁਸਲਿਮ ਪਰਜਾ ਬਹੁਤ ਪਰੇਸ਼ਾਨ ਸੀ। ਉਸਨੂੰ ਸਵੈਮਾਣ ਨਾਲ ਜਾਂ ਆਪਣੇ ਅਕੀਦੇ ਅਨੁਸਾਰ ਜਿਉਣ ਦੀ ਖੁੱਲ੍ਹ ਨਹੀਂ ਸੀ। ਲੋਕਾਂ ਨੂੰ ਹਰ ਹੀਲੇ ਇਸਲਾਮ ਦੇ ਦਾਇਰੇ ਵਿੱਚ ਲਿਆਉਣਾ ਔਰੰਗਜ਼ੇਬ ਦੀ ਸਪੱਸ਼ਟ ਨੀਤੀ ਸੀ। 1675 ਈ. ਨੂੰ ਇਸੇ ਕਿਸਮ ਦੇ ਹਕੂਮਤੀ ਤਸ਼ੱਦਦ ਦੇ ਸਤਾਏ ਹੋਏ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ ਗੁਰੂ ਤੇਗ਼ ਬਹਾਦਰ ਨੇ ਧਾਰਮਿਕ ਆਜ਼ਾਦੀ ਦੀ ਰਾਖੀ ਲਈ ਦਿੱਲੀ ਵਿੱਚ ਜਾ ਕੇ ਸ਼ਹਾਦਤ ਦਿੱਤੀ ਸੀ। ਇਸ ਸਮੇਂ ਬਾਲਕ ਗੋਬਿੰਦ ਰਾਇ ਦੀ ਉਮਰ 9 ਸਾਲ ਦੀ ਸੀ। ਇਸ ਅਟੱਲ ਹੋਣੀ ਨੂੰ ਅਨੁਭਵ ਕਰਦਿਆਂ ਗੁਰੂ ਤੇਗ਼ ਬਹਾਦਰ ਨੇ ਦਿੱਲੀ ਜਾਣ ਤੋਂ ਪਹਿਲਾਂ ਇਨ੍ਹਾਂ ਨੂੰ ਗੁਰਗੱਦੀ ਦਾ ਵਾਰਸ ਬਣਾ ਦਿੱਤਾ। ਇਸ ਸ਼ਹਾਦਤ ਨੇ ਬਾਲਕ ਗੋਬਿੰਦ ਰਾਏ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ ਅਤੇ ਉਨ੍ਹਾਂ ਦੇ ਮਨ ਵਿੱਚ ਧਰਮ ਅਤੇ ਕੌਮ ਦੀ ਰਾਖੀ ਲਈ ਦ੍ਰਿੜ੍ਹ ਸੰਕਲਪ ਜਗਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਅਲੌਕਿਕ ਪ੍ਰਤਿਭਾ ਅਤੇ ਯੁੱਗ ਪਲਟਾਊ ਸ਼ਖ਼ਸੀਅਤ ਰਾਹੀਂ ਇਸੇ ਸੰਕਟ ਨਾਲ ਨਜਿੱਠਣ ਦਾ ਉਪਰਾਲਾ ਕੀਤਾ। ਇਸ ਮੰਤਵ ਦੀ ਪੂਰਤੀ ਲਈ ਉਨ੍ਹਾਂ ਨੇ ਸ਼ਸਤਰ ਅਤੇ ਸ਼ਾਸਤਰ ਦੋਹਾਂ ਦਾ ਸਹਾਰਾ ਲਿਆ। ਉਹ ਜਿਸ ਰੂਹਾਨੀ ਗੱਦੀ ਦੇ ਵਾਰਸ ਬਣੇ ਸਨ, ਉਸਨੇ ਸਰਬ-ਸਾਂਝੀਵਾਲਤਾ, ਪ੍ਰੇਮ-ਪਿਆਰ, ਸਰਬਤ ਦੇ ਭਲੇ ਅਤੇ ਸੁਮੇਲ ਦਾ ਸੰਦੇਸ਼ ਦਿੱਤਾ ਸੀ।"[2]

**International Journal of Research in Economics and Social Sciences(IJRESS)**
Available online at: http://euroasiapub.org
Vol. 12 Issue 5, May- 2022
ISSN(o): 2249-7382 | Impact Factor: 8.018
**(An open access scholarly, peer-reviewed, interdisciplinary, monthly, and fully refereed journal.)**

ਇਹ ਇੱਕ ਆਮ ਹੀ ਧਾਰਨਾ ਹੈ ਕਿ ਕਿਸੇ ਵੀ ਆਮ ਮਨੁੱਖ, ਰਹਿਬਰ, ਵੱਡਪੁਰਸ਼ ਜਾਂ ਨਿਵੇਕਲੀ ਸ਼ਖ਼ਸੀਅਤ ਦੁਆਰਾ ਜਦੋਂ ਕੋਈ ਨਿਵੇਕਲਾ ਕਾਰਜ ਕੀਤਾ ਜਾਂਦਾ ਹੈ, ਖੋਜਿਆ ਜਾਂਦਾ ਹੈ, ਸਿਰਜਿਆ ਜਾਂਦਾ ਹੈ ਜਾਂ ਸੰਕਲਪ ਦਿੱਤਾ ਜਾਂਦਾ ਹੈ ਤਾਂ ਉਸਦੇ ਧਰਾਤਲ ਨੂੰ ਪਿਛੋਕੜਲੇ ਇਤਿਹਾਸ ਵਿੱਚੋਂ ਫਰੋਲਿਆ ਜਾਂਦਾ ਹੈ ਜਾਂ ਸੰਬੰਧਿਤ ਕਰਤਾ ਦੁਆਰਾ ਵੀ ਪਿਛੋਕੜ ਵਿੱਚੋਂ ਕੁਝ ਨਾ ਕੁਝ ਗ੍ਰਹਿਣ ਕੀਤਾ ਜਾਂਦਾ ਹੈ। ਇਹ ਧਾਰਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ’ਤੇ ਖ਼ੂਬ ਢੁੱਕਦੀ ਹੈ। ਉਨ੍ਹਾਂ ਨੇ ਆਪਣੇ ਤੋਂ ਪਹਿਲੀਆਂ 9 ਜੋਤਾਂ (ਗੁਰੂ ਸਾਹਿਬਾਨਾਂ) ਦੇ ਜੀਵਨ ਤਜ਼ਰਬਿਆਂ ਅਤੇ 36 ਮਹਾਨ ਰਹਿਬਰਾਂ ਦੇ ਵਿਚਾਰਧਾਰਕ ਫ਼ਲਸਫ਼ੇ (ਆਦਿ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚਲੀ ਵਿਚਾਰਧਾਰਾ ਵਿੱਚੋਂ ਬਹੁਤ ਕੁਝ ਧਰਾਤਲੀ ਰੂਪ ਵਿੱਚ ਲਿਆ ਹੈ। ਅਸਲ ਵਿੱਚ ਹੇਠਾਂ ਦਿੱਤੀਆਂ ਸਿੱਖਿਆ-ਵਿਧਾਨਕ ਪੰਕਤੀਆਂ ਤੋਂ ਗੁਰੂ ਸਾਹਿਬ ਨੇ ਧਰਾਤਲੀ ਰੂਪ ਵਿੱਚ ਬਹੁਤ ਕੁਝ ਲਿਆ ਤੇ ਸਿੱਖਿਆ ਹੋਵੇਗਾ ਤੇ ਇਹ ਉਨ੍ਹਾਂ ਦੀ ਇਤਿਹਾਸਿਕ ਭੂਮਿਕਾ ਸਿਰਜਣ ਵਿੱਚ ਜ਼ਰੂਰ ਸਹਾਈ ਹੋਈਆਂ ਹੋਣਗੀਆਂ:

(ੳ) ਸਚਹੁ ਉਰੈ ਸਭੁ ਕੋ ਉਪਰਿ ਸਚੁ ਆਚਾਰੁ॥
ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ॥[3]

(ਅ) ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥[4]

(ੲ) ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥[5]

(ਸ) ਜਉ ਤਉ ਪ੍ਰੇਮ ਖੇਲਣ ਕਾ ਚਾਉ॥

International Journal of Research in Economics and Social Sciences(IJRESS)
Available online at: http://euroasiapub.org
Vol. 12 Issue 5, May- 2022
ISSN(o): 2249-7382 | Impact Factor: 8.018
(An open access scholarly, peer-reviewed, interdisciplinary, monthly, and fully refereed journal.)

ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਇਤੁ ਮਾਰਗਿ ਪੈਰੁ ਧਰੀਜੈ॥

ਸਿਰੁ ਦੀਜੈ ਕਾਣਿ ਨ ਕੀਜੈ॥[6]

ਭਾਵ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਗੱਲ ਤੋਂ ਭਲੀ-ਭਾਂਤ ਜਾਣੂੰ ਸਨ ਕਿ ਬਾਬਾ ਫ਼ਰੀਦ ਤੋਂ ਲੈ ਕੇ ਸ੍ਰੀ ਗੁਰੂ ਤੇਗ਼ ਬਹਾਦਰ ਤੱਕ ਹਰ ਭਗਤ/ਗੁਰੂ ਆਪਣੀ ਬਾਣੀ ਦੇ ਮਾਧਿਅਮ ਜ਼ਰੀਏ ਭਾਰਤ ਵਾਸੀਆਂ ਵਿੱਚ ਇੱਕ ਅਜਿਹੀ ਨਵੀਨ ਆਤਮਾ ਦਾ ਸੰਚਾਰ ਕਰਦੇ ਆ ਰਹੇ ਸਨ, ਜੋ ਜ਼ੁਲਮ ਅਤੇ ਅਨਿਆਂ ਦੇ ਵਿਰੁੱਧ ਡੱਟ ਕੇ ਖੜ੍ਹੀ ਹੋ ਜਾਵੇ।

ਗੁਰੂ ਸਾਹਿਬ ਦੀ ਜੀਵਨ-ਵਿਆਖਿਆ ਕਰਦਿਆਂ ਵੀ ਭਾਰਤੀ ਇਤਿਹਾਸ ਵਿੱਚ ਉਨ੍ਹਾਂ ਦੀ ਨਿਭਾਈ ਅਹਿਮ ਭੂਮਿਕਾ ਸਪੱਸ਼ਟ ਹੋ ਜਾਂਦੀ ਹੈ, "ਉਨ੍ਹਾਂ ਦੀ ਜੀਵਨ ਗਾਥਾ ਬੜੀ ਸੰਖੇਪ ਹੈ ਪਰ ਜਿੰਨੀ ਸੰਖੇਪ ਹੈ, ਉੱਨੀ ਹੀ ਬੇਮਿਸਾਲ ਹੈ। ਆਪ ਜੀ 42 ਸਾਲ ਹੀ ਇਸ ਧਰਤੀ ਉੱਪਰ ਰਹੇ, ਪਰ ਇੰਨੇ ਥੋੜ੍ਹੇ ਸਮੇਂ ਵਿੱਚ ਹੀ ਉਨ੍ਹਾਂ ਦੁਆਰਾ ਇੰਨੇ ਮਹਾਨ ਕੰਮ ਕੀਤੇ ਗਏ, ਜੋ ਕਿ ਇੱਕ ਕਰਾਮਾਤ ਤੋਂ ਘੱਟ ਨਹੀਂ ਹਨ। ਗੁਰੂ ਜੀ ਦਾ ਸਾਰਾ ਜੀਵਨ ਇੱਕ ਸੰਘਰਸ਼ ਦਾ ਜੀਵਨ ਰਿਹਾ ਹੈ। ਆਪਣੇ ਮਿਸ਼ਨ ਨੂੰ ਪ੍ਰਾਪਤ ਕਰਨ ਲਈ ਗੁਰੂ ਜੀ ਨੇ ਸਮੇਂ ਦੀ ਚੁਣੌਤੀ ਦਾ ਡੱਟ ਕੇ ਮੁਕਾਬਲਾ ਕੀਤਾ। ਮਨੁੱਖੀ ਹੱਕਾਂ ਅਤੇ ਮਜ਼ਲੂਮਾਂ ਦੀ ਰਾਖੀ ਲਈ ਕੁਰਬਾਨੀ ਦੀ ਪਿਰਤ ਗੁਰੂ ਜੀ ਨੇ ਆਪਣੇ ਪਰਿਵਾਰ ਤੋਂ ਹੀ ਪਾਈ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਹੋਣ ਲਈ ਤੋਰਨਾ, ਗੁਰੂ ਜੀ ਦੀ ਸ਼ਖ਼ਸੀਅਤ ਦਾ ਇੱਕ ਵਿਲੱਖਣ ਨਮੂਨਾ ਹੈ। ਇਕੱਲੇ ਪਿਤਾ ਹੀ ਨਹੀਂ, ਸਗੋਂ ਗੁਰੂ ਜੀ ਨੇ ਆਪਣਾ ਸਾਰਾ ਸਰਬੰਸ ਹੀ ਪੰਥ ਦੇ ਲੇਖੇ ਲਾ ਦਿੱਤਾ। ਦਸ਼ਮੇਸ਼ ਪਿਤਾ ਜੀ ਨੇ ਆਪਣੇ ਦੋਵੇਂ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਣ ਲਈ ਭੇਜੇ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੇ ਵੀ ਦ੍ਰਿੜ੍ਹਤਾ ਨਾਲ ਜ਼ੁਲਮ ਦਾ ਟਾਕਰਾ ਕਰਦੇ ਹੋਏ ਵੀਰਗਤੀ ਨੂੰ ਪ੍ਰਾਪਤ ਕੀਤਾ। ਗੁਰੂ ਜੀ ਨੇ ਆਪਣੀ ਸਾਰੀ ਉਮਰ ਹੀ ਧਰਮ ਦੀ ਰੱਖਿਆ, ਮਜ਼ਲੂਮਾਂ ਦੀ ਰਾਖੀ ਅਤੇ ਜ਼ੁਲਮ ਦੇ ਖ਼ਾਤਮੇ ਨੂੰ ਸਮਰਪਿਤ ਕਰ ਦਿੱਤੀ।

ਗੁਰੂ ਜੀ ਨੇ ਸਿੱਖ ਕੌਮ ਨੂੰ ਇੱਕ ਨਵਾਂ ਰੂਪ ਦੇਣ ਲਈ 1699 ਈ. ਵਿੱਚ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ। ਗੁਰੂ

ਜੀ ਨੇ ਖ਼ਾਲਸੇ ਦੀ ਸਿਰਜਣਾ ਕਰਕੇ ਸੰਸਾਰ ਵਿੱਚੋਂ ਮਨੁੱਖੀ ਵਿਤਕਰਿਆਂ ਨੂੰ ਤੋੜ ਕੇ ਸਾਰਿਆਂ ਨੂੰ ਬਰਾਬਰੀ ਬਖ਼ਸ਼ੀ।"[7] ਆਪਣੇ ਜੀਵਨ ਦੇ ਮਿਸ਼ਨ ਨੂੰ ਗੁਰੂ ਸਾਹਿਬ ਨੇ ਆਪਣੇ ਸਵੈ-ਜੀਵਨੀ ਕਾਵਿ-ਨਾਟਕ 'ਬਚਿਤ੍ਰ ਨਾਟਕ' ਵਿੱਚ ਪ੍ਰਗਟ ਕਰਦਿਆਂ ਦਰਸਾਇਆ ਹੈ:

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥
ਦੁਸਟ ਦੋਖੀਅਨਿ ਪਕਰਿ ਪਛਾਰੋ॥
ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸ਼ਟ ਸਭਨ ਕੋ ਮੂਲ ਉਪਾਰਨ॥[8]

ਉਨ੍ਹਾਂ ਨੇ ਸਮੇਂ ਦੇ ਸਮਾਜ ਦੀਆਂ ਪਿਛਾਂਹ ਖਿੱਚੂ ਸ਼ਕਤੀਆਂ ਨੂੰ ਝੰਜੋੜਿਆ; ਇਤਿਹਾਸ ਤੇ ਮਿਥਿਹਾਸ ਦੀਆਂ ਪੁਰਾਤਨ ਕੀਮਤਾਂ ਨੂੰ ਟਕੋਰਿਆ; ਮਰਿਆਦਾ ਤੇ ਪਰੰਪਰਾਂ ਦੀਆਂ ਜਿਲ੍ਹਣਾਂ ਨੂੰ ਹਲੂਣਿਆ ਅਤੇ ਮਨੁੱਖ ਦੁਆਲੇ ਤਣੇ ਹੋਏ ਭਰਮਜਾਲ ਨੂੰ ਵੰਗਾਰਿਆ। ਉਨ੍ਹਾਂ ਨੇ ਤਾਂ ਭਰਵੀਂ ਦਲੇਰੀ ਤੇ ਚੜ੍ਹਦੀਕਲਾ ਨਾਲ ਐਲਾਨੀਆ ਆਖਿਆ ਸੀ: 'ਮੈਨੂੰ ਤਾਂ ਇਨ੍ਹਾਂ ਵਿੱਚੋਂ ਕਿਸੇ ਦੀ ਵੀ ਕੋਈ ਪ੍ਰਵਾਹ ਨਹੀਂ। ਮੈਂ ਤਾਂ ਜਦੋਂ ਤੋਂ ਪ੍ਰਭੂ ਦੇ ਚਰਨ ਫੜੇ ਹਨ, ਕਿਸੇ ਹੋਰ ਨੂੰ ਕਦੇ ਆਪਣੀ ਅੱਖ ਥੱਲੇ ਵੀ ਨਹੀਂ ਲਿਆਂਦਾ। ਰਾਮ ਤੇ ਰਹੀਮ, ਪੁਰਾਨ ਤੇ ਕੁਰਾਨ ਜੋ ਮਰਜ਼ੀ ਪਏ ਕਹਿਣ, ਮੈਂ ਤਾਂ ਇੱਕ ਰੱਬ ਤੋਂ ਬਿਨਾਂ ਕਿਸੇ ਹੋਰ ਦੀ ਕਦੇ ਇੱਕ ਵੀ ਨਹੀਂ ਮੰਨੀ ਤੇ ਨਾ ਹੀ ਮੰਨਣੀ ਹੈ'।

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥

**International Journal of Research in Economics and Social Sciences(IJRESS)**
Available online at: http://euroasiapub.org
Vol. 12 Issue 5, May- 2022
ISSN(o): 2249-7382 | Impact Factor: 8.018
**(An open access scholarly, peer-reviewed, interdisciplinary, monthly, and fully refereed journal.)**

ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥[9]

ਇਸ ਤੋਂ ਇਲਾਵਾ ਉਨ੍ਹਾਂ ਨੇ ਬੜੇ ਮਾਣ ਤੇ ਭਰੇ ਜੇਰੇ ਨਾਲ ਇਹ ਵੀ ਕਿਹਾ ਕਿ ਮੇਰੇ ਇਰਾਦੇ ਨੂੰ ਮਜ਼ਬੂਤ ਕਰੋ ਤਾਂ ਕਿ ਮੈਂ ਤੁਹਾਨੂੰ ਛੱਡ ਕੇ ਕਿਸੇ ਹੋਰ ਨੂੰ ਨਾ ਧਿਆਵਾਂ।

"ਗੁਰੂ ਗੋਬਿੰਦ ਸਿੰਘ ਜੀ ਜਿੱਥੇ ਮਹਾਂਬਲੀ ਤੇ ਸੂਰਬੀਰ ਸਨ, ਉੱਥੇ ਉੱਚ ਕੋਟੀ ਦੇ ਸਾਹਿਤਕਾਰ, ਵਿਦਵਾਨ ਤੇ ਵਿਦਵਾਨਾਂ ਦੇ ਕਦਰਦਾਨ ਵੀ ਸਨ। ਉਨ੍ਹਾਂ ਦੇ ਦਰਬਾਰ ਵਿੱਚ 52 ਕਵੀ ਸਨ। ਕਿਤਨੀ ਹੈਰਾਨੀ ਦੀ ਗੱਲ ਹੈ ਕਿ ਇਤਨੇ ਰਾਜ-ਰੌਲੇ ਤੇ ਸੈਨਿਕ ਸਰਗਰਮੀਆਂ ਵਿੱਚ ਰੁੱਝੇ ਹੋਣ ਦੇ ਬਾਵਜੂਦ ਸਾਹਿਤ ਰਚਨਾ ਲਈ ਉਨ੍ਹਾਂ ਨਾ ਕੇਵਲ ਸਮਾਂ ਹੀ ਕੱਢਿਆ, ਸਗੋਂ ਸਾਹਿਤ ਵਿੱਚ ਕਈ ਨਵੀਆਂ ਲੀਹਾਂ ਪਾਈਆਂ। ਜਿੱਥੇ ਵੈਰੀਆਂ ਦਾ ਡਟ ਕੇ ਸਾਹਮਣਾ ਕੀਤਾ, ਉੱਥੇ ਨਵੇਂ ਵਿਚਾਰ ਵੀ ਦਿੱਤੇ। ਉੱਤਰੀ ਹਿੰਦ ਵਿੱਚ ਗੁਰੂ ਸਾਹਿਬ ਨੇ ਨਵਾਂ ਸਾਹਿਤ ਪੈਦਾ ਕਰਨ ਦਾ ਅੰਦੋਲਨ ਚਲਾ ਦਿੱਤਾ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਮੁਰਦਾ ਕੌਮ ਵਿੱਚ ਜਾਨ ਪਾਉਣ ਲਈ ਸਾਹਿਤ, ਵਿਸ਼ੇਸ਼ ਕਰਕੇ ਬੀਰ-ਰਸੀ ਸਾਹਿਤ ਸਭ ਤੋਂ ਜ਼ਰੂਰੀ ਹੈ।"[10] "ਆਪ ਦੀਆਂ ਰਚਨਾਵਾਂ ਦੀ ਛੰਦ-ਚਾਲ ਵੀ ਸ਼ਸਤਰਾਂ ਦੇ ਖੜਾਕ ਵਰਗੀ ਹੈ। ਇਸ ਪ੍ਰਕਾਰ ਦੀ ਰਚਨਾ ਕਰਕੇ 'ਧਰਮ ਯੁੱਧ' ਦੇ ਚਾਅ ਨੂੰ ਭਾਰਤ ਵਾਸੀਆਂ ਵਿੱਚ ਭਰਨਾ ਸੀ, ਜਿਸ ਵਿੱਚ ਕਿ ਆਪ ਸਫ਼ਲ ਹੋਏ। ਸ਼ਾਸਤਰ ਰਚਨਾ ਨੇ ਮੁਰਦਾ ਰੂਹ ਨੂੰ ਗਰਮਾਇਆ ਅਤੇ ਨਰੋਆ ਕੀਤਾ।"[11] ਸਾਹਿਤਕ ਰਚਨਾਵਾਂ ਦੇ ਭਾਸ਼ਾਈ ਵਰਤਾਰੇ ਪੱਖੋਂ ਗੁਰੂ ਗੋਬਿੰਦ ਸਿੰਘ ਦੀ ਬਹੁਤੀ ਰਚਨਾ ਪੰਜਾਬੀ ਵਿੱਚ ਨਹੀਂ, ਪ੍ਰੰਤੂ ਬ੍ਰਿਜ ਵਿੱਚ ਵੀ ਪੰਜਾਬੀ ਦਾ ਪ੍ਰਭਾਵ ਤੇ ਨਿੱਖਰਵੀਆਂ ਵਿਸ਼ੇਸ਼ਤਾਵਾਂ ਦੇ ਕਾਰਨ, ਇਸਨੂੰ ਪੰਜਾਬੀ-ਬ੍ਰਿਜ ਦਾ ਭਾਸ਼ਾਈ ਸੁਮੇਲ ਆਖਿਆ ਜਾ ਸਕਦਾ ਹੈ।

"ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਅਧਿਐਨ ਕਰਨ ਤੋਂ ਪਤਾ ਚੱਲਦਾ ਹੈ ਕਿ ਉਨ੍ਹਾਂ ਦਾ ਆਪਣੇ ਅਨੁਯਾਈਆਂ ਨਾਲ ਵੀ ਬਹੁਤ ਪਿਆਰ ਸੀ। ਉਹ ਕਿਸੇ ਉਦੇਸ਼ ਦੇ ਗ਼ੁਲਾਮ ਨਹੀਂ ਸਨ। ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਤੇ ਉਨ੍ਹਾਂ ਪਾਸੋਂ ਆਪ ਛੱਕ ਕੇ, ਗੁਰੂ ਜੀ ਨੇ ਵਿਅਕਤੀਤਵ ਗੁਰੂਪਨ ਨੂੰ ਖ਼ਤਮ ਕਰਕੇ ਆਪਣੇ ਆਪ ਨੂੰ ਖ਼ਾਲਸਾ ਵਿੱਚ ਲੀਨ ਕਰ ਗਣਤੰਤਰ ਦਾ ਇੱਕ ਅਨੂਪਮ ਉਦਾਹਰਣ ਸਾਡੇ ਸਾਹਮਣੇ ਪੇਸ਼ ਕੀਤਾ। ਗੁਰੂ ਜੀ ਨੇ ਗੁਰਮੱਤੇ ਦੀ ਸਥਾਪਨਾ ਕੀਤੀ,

ਜਿਸ ਅਨੁਸਾਰ ਹਰ ਫ਼ੈਸਲਾ ਬਹੁਮਤ ਨਾਲ ਹੁੰਦਾ ਸੀ।"[12] ਸੱਚ ਤਾਂ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਹਰ ਰੂਪ ਵਿੱਚ ਮਹਾਨ ਸਨ ਤੇ ਹਰ ਖੇਤਰ ਵਿੱਚ ਉਨ੍ਹਾਂ ਦੀ ਭੂਮਿਕਾ ਤੇ ਯੋਗਦਾਨ ਭਾਰਤੀ ਇਤਿਹਾਸ ਦੇ ਸੰਦਰਭ ਵਿੱਚ ਵਿਲੱਖਣਤਾ ਦਾ ਧਾਰਨੀ ਰਿਹਾ ਹੈ।

**ਸਿੱਟਾ:-** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਸ ਮਹਾਨ ਵਿਅਕਤਿੱਤਵ ਦੇ ਧਾਰਨੀ ਸਨ, ਜਿਸਨੇ ਕੌਮ, ਦੇਸ਼, ਧਰਮ ਤੇ ਮਨੁੱਖਤਾ ਲਈ ਆਪਣਾ ਸਭ ਕੁੱਝ ਵਾਰ ਦਿੱਤਾ। ਉਹ ਵੱਡਪੁਰਸ਼, ਮਹਾਨ ਰਹਿਬਰ, ਸੰਤ-ਸਿਪਾਹੀ, ਧਾਰਮਿਕ ਆਗੂ, ਨੀਤੀਵਾਨ ਯੋਧਾ, ਸੈਨਾਪਤੀ, ਮਹਾਨ ਕਵੀ, ਵਿਦਵਾਨ ਤੇ ਸਾਹਿਤਕਾਰ ਹੋਣ ਦੇ ਨਾਲ-ਨਾਲ ਇੱਕ ਮਹਾਨ ਇਨਕਲਾਬੀ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਰਹਿਬਰ ਸਨ, ਜਿਨ੍ਹਾਂ ਨੇ 42 ਵਰ੍ਹਿਆਂ ਦੀ ਛੋਟੀ ਜਿਹੀ ਉਮਰ ਵਿੱਚ ਹੀ ਅਮਲੀ ਘੋਲ ਰਾਹੀਂ ਭਾਰਤੀ ਜਨਜੀਵਨ ਵਿੱਚ ਉਹ ਪਰਿਵਰਤਨ ਲਿਆਂਦਾ, ਜੋ ਕਿ ਕਈ ਸਦੀਆਂ ਵਿੱਚ ਲਿਆਉਣਾ ਸੰਭਵ ਨਹੀਂ ਸੀ ਤੇ ਇਹੋ ਹੀ ਭਾਰਤੀ ਇਤਿਹਾਸ ਵਿੱਚ ਉਨ੍ਹਾਂ ਦੀ ਨਿਭਾਈ ਗਈ ਵਡੇਰੀ ਭੂਮਿਕਾ ਹੈ।

## ਹਵਾਲੇ ਤੇ ਟਿੱਪਣੀਆਂ

1. ਲਾਲਾ ਦੌਲਤ ਰਾਏ, ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ, ਗੁਰਮਤਿ ਸਾਹਿਤ ਚੈਰੀਟੇਬਲ ਟ੍ਰਸਟ, ਅੰਮ੍ਰਿਤਸਰ, 1979, ਪੰਨਾ 16
2. ਡਾ. ਰਜਿੰਦਰ ਕੌਰ ਅਤੇ ਡਾ. ਕਮਲਜੀਤ ਕੌਰ (ਸੰਪਾ.), ਗੁਰੂ ਗੋਬਿੰਦ ਸਿੰਘ ਜੀ: ਧਰਮ, ਸਾਹਿਤ ਅਤੇ ਇਤਿਹਾਸ ਵਿੱਚ ਯੋਗਦਾਨ, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ, 2017, ਪੰਨਾ 15-16
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 62
4. ਉਹੀ, ਪੰਨਾ 1349
5. ਉਹੀ, ਪੰਨਾ 1105
6. ਉਹੀ, ਪੰਨਾ 1410

**International Journal of Research in Economics and Social Sciences(IJRESS)**
Available online at: http://euroasiapub.org
Vol. 12 Issue 5, May- 2022
ISSN(o): 2249-7382 | Impact Factor: 8.018
**(An open access scholarly, peer-reviewed, interdisciplinary, monthly, and fully refereed journal.)**

7. ਡਾ. ਰਾਜਿੰਦਰ ਕੌਰ ਅਤੇ ਡਾ. ਕਮਲਜੀਤ ਕੌਰ (ਸੰਪਾ.), ਗੁਰੂ ਗੋਬਿੰਦ ਸਿੰਘ ਜੀ: ਧਰਮ, ਸਾਹਿਤ ਅਤੇ ਇਤਿਹਾਸ ਵਿੱਚ ਯੋਗਦਾਨ, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ, 2017, ਪੰਨਾ 70-71

8. ਬਚਿੱਤਰ ਨਾਟਕ (ਭਾਗ ਛੇਵਾਂ), ਦਸਮ ਗ੍ਰੰਥ, ਛੰਦ 42

9. ਸ੍ਰੀ ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਵਿੱਚ ਸੰਚਿਤ ਰਾਮਾਵਤਾਰ, ਸਵੈਯਾ-ਪਦ ਨੰ: 863, ਮਿਤੀ 1698, ਪੰਨਾ 304

10. ਡਾ. ਰਾਜਿੰਦਰ ਕੌਰ ਅਤੇ ਡਾ. ਕਮਲਜੀਤ ਕੌਰ (ਸੰਪਾ.), ਗੁਰੂ ਗੋਬਿੰਦ ਸਿੰਘ ਜੀ: ਧਰਮ, ਸਾਹਿਤ ਅਤੇ ਇਤਿਹਾਸ ਵਿੱਚ ਯੋਗਦਾਨ, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ, 2017, ਪੰਨਾ 128

11. ਉਹੀ, ਪੰਨਾ 139

12. ਉਹੀ, ਪੰਨਾ 172